# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   22 ਜੂਨ 2026 ਦਿਨ ਸੋਮਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗਲੋਬਲ ਸਿੱਖ ਪੰਜਾਬ ਸੇਵਾ ਸਮਿਟ 2026: ਨਿਸ਼ਕਾਮ ਸੇਵਾ ਅਤੇ 'ਸਰਬੱਤ ਦੇ ਭਲੇ' ਦੇ ਫਲਸਫੇ ਨੂੰ ਸਮਰਪਿਤ ਇੱਕ ਬੇਮਿਸਾਲ ਮੰਚ,

### ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ ਦੇ ਗੁਰਜੀਤ ਸਿੰਘ ਢਿੱਲੋਂ ਨੂੰ ਮਿਲਿਆ ਵੱਕਾਰੀ ਸਨਮਾਨ; ਸੁਸਾਇਟੀ ਵੱਲੋਂ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ...

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ




ਫ਼ਰੀਦਕੋਟ 22 ਜੂਨ : ਅੱਜ ਦੇ ਦੌਰ ਵਿੱਚ ਜਿੱਥੇ ਸਮਾਜਿਕ ਚੁਣੌਤੀਆਂ ਲਗਾਤਾਰ ਵਧ ਰਹੀਆਂ ਹਨ, ਉੱਥੇ 'ਗਲੋਬਲ ਸਿੱਖ ਪੰਜਾਬ ਸੇਵਾ ਸਮਿਟ 2026' ਵਰਗੇ ਮੰਚ ਸਮੇਂ ਦੀ ਬਹੁਤ ਵੱਡੀ ਲੋੜ ਬਣ ਕੇ ਸਾਹਮਣੇ ਆਏ ਹਨ। ਇਹ ਸਮਿਟ ਨਿਸ਼ਕਾਮ ਭਾਵਨਾ ਨਾਲ ਕੰਮ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ (NGOs), ਸਮਾਜਿਕ ਸੁਸਾਇਟੀਆਂ ਅਤੇ ਹਰ ਉਸ ਮਨੁੱਖਤਾਵਾਦੀ ਵਿਅਕਤੀ ਨੂੰ ਇੱਕ ਸਾਂਝੀ ਪਛਾਣ ਅਤੇ ਹੱਲਾਸ਼ੇਰੀ ਦੇਣ ਦਾ ਇੱਕ ਉੱਤਮ ਜ਼ਰੀਆ ਸਾਬਤ ਹੋ ਰਿਹਾ ਹੈ, ਜੋ ਮਨੁੱਖਤਾ ਦੀ ਭਲਾਈ ਲਈ ਦਿਨ-ਰਾਤ ਇੱਕ ਕਰ ਰਹੇ ਹਨ।

ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਦਿਆਂ ਜਿੱਤ ਰਹੇ ਨੇ ਦਿਲ

ਆਪਣੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਪਵਿੱਤਰ ਮਾਰਗ 'ਤੇ ਚੱਲਦਿਆਂ, ਗਲੋਬਲ ਸਿੱਖ ਭਾਈਚਾਰਾ ਬਿਨਾਂ ਕਿਸੇ ਦਿਖਾਵੇ ਜਾਂ ਪ੍ਰਚਾਰ ਦੇ, ਆਪਣੇ ਅਮਲੀ ਜੀਵਨ ਅਤੇ ਨਿਸ਼ਕਾਮ ਸੇਵਾ ਰਾਹੀਂ ਅੱਜ ਵੀ ਪੂਰੀ ਮਨੁੱਖਤਾ ਦਾ ਦਿਲ ਜਿੱਤ ਰਿਹਾ ਹੈ। ਸਿੱਖ ਭਾਈਚਾਰੇ ਵੱਲੋਂ ਮਨੁੱਖਤਾ ਲਈ ਕੀਤੇ ਗਏ ਬੇਮਿਸਾਲ ਯੋਗਦਾਨਾਂ ਕਰਕੇ ਅੱਜ ਦੁਨੀਆ ਭਰ ਵਿੱਚ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਕੁਦਰਤੀ ਆਫ਼ਤਾਂ ਅਤੇ ਅੰਤਰਰਾਸ਼ਟਰੀ ਸੰਕਟਾਂ ਵਿੱਚ ਮੋਹਰੀ ਭੂਮਿਕਾ:

'ਸੇਵਾ', 'ਸਰਬੱਤ ਦਾ ਭਲਾ' ਅਤੇ 'ਵੰਡ ਛਕੋ' ਦੇ ਮਹਾਨ ਫਲਸਫੇ 'ਤੇ ਪਹਿਰਾ ਦਿੰਦਿਆਂ, ਸਿੱਖਾਂ ਨੇ ਹਮੇਸ਼ਾ ਅੰਤਰਰਾਸ਼ਟਰੀ ਸੰਕਟਾਂ, ਕੁਦਰਤੀ ਆਫ਼ਤਾਂ ਅਤੇ ਲੋੜਵੰਦਾਂ ਦੀ ਮਦਦ ਲਈ ਸਭ ਤੋਂ ਅੱਗੇ ਹੋ ਕੇ ਕੰਮ ਕੀਤਾ ਹੈ। ਚਾਹੇ ਕੋਈ ਵੀ ਦੇਸ਼ ਹੋਵੇ ਜਾਂ ਕੋਈ ਵੀ ਮੁਸ਼ਕਿਲ ਘੜੀ, ਸਿੱਖ ਸੇਵਾਦਾਰਾਂ ਨੇ ਹਮੇਸ਼ਾ ਮਨੁੱਖਤਾ ਦੀ ਰਾਖੀ ਲਈ ਮੋਹਰੀ ਸਫ਼ਾਂ ਵਿੱਚ ਖੜ੍ਹ ਕੇ ਸੇਵਾ ਨਿਭਾਈ ਹੈ।

ਸਮਿਟ ਦੌਰਾਨ ਬੁਲਾਰਿਆਂ ਨੇ ਆਖਿਆ:

"ਗੁਰੂ ਸਾਹਿਬ ਦੇ ਦੱਸੇ ਹੋਏ 'ਸੇਵਾ' ਦੇ ਮਾਰਗ 'ਤੇ ਚੱਲ ਕੇ ਸਮਾਜ ਨੂੰ ਬਿਹਤਰ ਬਣਾਉਣ ਵਾਲੀਆਂ ਇਨ੍ਹਾਂ ਸਾਰੀਆਂ ਸੰਸਥਾਵਾਂ, ਸੁਸਾਇਟੀਆਂ ਅਤੇ ਵੀਰਾਂ-ਭੈਣਾਂ ਨੂੰ ਦਿਲੋਂ ਸਲਾਮ ਹੈ ਜੋ ਬਿਨਾਂ ਕਿਸੇ ਸਵਾਰਥ ਦੇ ਸਮਾਜ ਦੀ ਸੇਵਾ ਵਿੱਚ ਜੁਟੇ ਹੋਏ ਹਨ।"

ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਸੁਸਾਇਟੀ ਦਾ ਵਧਿਆ ਮਾਣ।

ਇਸ ਵੱਕਾਰੀ ਸਮਿਟ ਦੌਰਾਨ ਸਮਾਜ ਭਲਾਈ ਦੇ ਕਾਰਜਾਂ ਵਿੱਚ ਮੋਹਰੀ ਰਹਿਣ ਵਾਲੀ ਸੰਸਥਾ 'ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ:) ਪੰਜਾਬ' ਦੇ ਮੁੱਖ ਸੇਵਾਦਾਰ ਗੁਰਜੀਤ ਸਿੰਘ ਢਿੱਲੋਂ ਨੂੰ ਉਨ੍ਹਾਂ ਦੀਆਂ ਅਣਥੱਕ ਮਨੁੱਖਤਾਵਾਦੀ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੁਰਜੀਤ ਸਿੰਘ ਢਿੱਲੋਂ ਨੇ ਸਮਿਟ ਦੇ ਪ੍ਰਬੰਧਕਾਂ ਦਾ ਇਸ ਵੱਕਾਰੀ ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਆਖਿਆ ਕਿ ਇਹ ਸਨਮਾਨ ਉਨ੍ਹਾਂ ਦੀ ਸੁਸਾਇਟੀ ਦੀ ਪੂਰੀ ਟੀਮ ਦੀ ਮਿਹਨਤ ਅਤੇ ਸਮਾਜ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਨਮਾਨ ਭਵਿੱਖ ਵਿੱਚ ਹੋਰ ਵੀ ਦ੍ਰਿੜਤਾ ਨਾਲ ਸੇਵਾ ਕਾਰਜਾਂ ਵਿੱਚ ਜੁਟਣ ਲਈ ਉਤਸ਼ਾਹ ਪ੍ਰਦਾਨ ਕਰਦੇ ਹਨ।

ਗੁਰਜੋਤ ਵੀਰ ਬਲੱਡ ਸੇਵਾ ਸੁਸਾਇਟੀ ਦੇ ਯਤਨਾਂ ਦੀ ਸ਼ਲਾਘਾ:

ਇਸ ਸਮਿਟ ਦੌਰਾਨ ਖ਼ਾਸ ਤੌਰ 'ਤੇ 'ਗੁਰਜੋਤ ਵੀਰ ਬਲੱਡ ਸੇਵਾ ਸੁਸਾਇਟੀ' ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜੋ ਖ਼ੂਨਦਾਨ ਵਰਗੇ ਮਹਾਨ ਕਾਰਜ ਰਾਹੀਂ ਕੀਮਤੀ ਜਾਨਾਂ ਬਚਾਉਣ ਲਈ ਨਿਰੰਤਰ ਯਤਨਸ਼ੀਲ ਹੈ। ਬੁਲਾਰਿਆਂ ਨੇ ਕਿਹਾ ਕਿ ਅਜਿਹੀਆਂ ਸੁਸਾਇਟੀਆਂ ਹੀ ਸਮਾਜ ਵਿੱਚ ਸਕਾਰਾਤਮਕ ਬਦਲਾਅ ਦੀ ਪ੍ਰਤੀਕ ਹਨ ਅਤੇ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣ ਰਹੀਆਂ ਹਨ। ਇਹ ਸਮਿਟ ਸਮਾਜ ਸੇਵੀ ਸੰਸਥਾਵਾਂ ਨੂੰ ਇੱਕਜੁੱਟ ਹੋ ਕੇ ਚੱਲਣ ਦੀ ਨਵੀਂ ਰਾਹ ਦਿਖਾ ਗਿਆ।

## ਆਯੁਰਵੈਦਿਕ ਵਿਭਾਗ ਨੇ ਡਾ. ਅੰਬੇਡਕਰ ਭਵਚਨ 'ਚ ਮਨਾਇਆ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ

### ਵਿਧਾਇਕ ਛੀਨਾ, ਸਿੱਧੂ, ਗਰੇਵਾਲ, ਬੱਗਾ ਨੇ ਕੀਤੀ ਵਿਸ਼ੇਸ਼ ਤੌਰ 'ਤੇ ਸ਼ਿਕਰਤ

### ਯੋਗ ਨੂੰ ਰੋਜਮਰਾ ਜ਼ਿੰਦਗੀ ਦਾ ਹਿੱਸਾ ਬਣਾਉਣ 'ਤੇ ਦਿੱਤਾ ਜ਼ੋਰ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 22 ਜੂਨ : ਡਾਇਰੈਕਟਰ, ਆਯੁਰਵੇਦ, ਪੰਜਾਬ ਡਾ. ਰਮਨ ਖੰਨਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਅੱਜ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ ਸਥਾਨਕ ਡਾ. ਅੰਬੇਡਕਰ ਭਵਨ, ਸਲੇਮ ਟਾਬਰੀ ਵਿਖੇ ਬੜੇ ਉਤਸਾਹ ਨਾਲ ਮਨਾਇਆ ਗਿਆ।

ਇਸ ਮੌਕੇ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਮਦਨ ਲਾਲ ਬੱਗਾ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਕੌਂਸਲਰ ਅਮਨ ਬੱਗਾ, ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਭਵਨ ਦੇ ਪ੍ਰਧਾਨ ਹੰਸਰਾਜ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਕਰਤ ਕੀਤੀ ਗਈ।

ਸਮਾਗਮ ਮੌਕੇ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਭਾਗੀਦਾਰੀ ਦੇ ਨਾਲ ਜੰਗਲਾਤ ਵਿਭਾਗ, ਖੇਡ ਵਿਭਾਗ, ਸੀ ਐਮ ਦੀ ਯੋਗਸ਼ਾਲਾ ਦੇ ਮੈਂਬਰ ਸਹਿਬਾਨ ਤੋਂ ਇਲਾਵਾ ਵੱਖ-ਵੱਖ ਯੋਗ ਸੰਸਥਾਵਾਂ ਤੋਂ ਕਰੀਬ 380 ਯੋਗ ਸਾਧਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ।



ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਸਿਹਤਯਾਬੀ ਨੂੰ ਸਭ ਤੋਂ ਬੜੀ ਪੂੰਜੀ ਦੱਸਿਆ। ਉਨ੍ਹਾਂ ਦੱਸਿਆ ਕਿ ਨੌਜਵਾਨੀ ਨੂੰ ਨਸ਼ਿਆਂ ਦੇ ਕੋਹੜ ਤੋਂ ਪਾਸੇ ਰੱਖਣ ਲਈ ਯੋਗ ਅਹਿਮ ਰੋਲ ਅਦਾ ਕਰ ਸਕਦਾ ਹੈ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਦੱਸਿਆ ਕਿ ਯੋਗ ਨਾਲ ਸਰੀਰ ਨਿਰੋਗ ਰਹਿੰਦਾ ਹੈ। ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਦੱਸਿਆ ਕਿ ਯੋਗਾ ਨਾਲ ਮਾਨਸਿਕ ਤਣਾਅ ਵੀ ਘੱਟ ਕੀਤਾ ਜਾ ਸਕਦਾ ਹੈ।

ਇਸ ਮੌਕੇ ਡਰੱਗਜ ਮੈਨੂਫੈਕਚਰਿੰਗ ਐਸੋਸੀਏਸ਼ਨ ਵੱਲੋਂ ਵਿਧਾਇਕ ਸਹਿਬਾਨਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਬਾਅਦ ਵਿੱਚ, ਵਿਧਾਇਕਾਂ ਨੇ ਡਾ. ਰੁਪਿੰਦਰ ਕੌਰ ਦਾ ਵੀ ਸਨਮਾਨ ਕੀਤਾ ਜੋਕਿ ਦੁਨੀਆ ਦੀ ਸਭ ਤੋਂ ਉੱਚੀ ਐਵਰੇਸਟ ਚੋਟੀ ਦੇ ਬੇਸ ਕੈਂਪ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਵਹੀਲ ਚੇਅਰ ਪੋਲੀਓ ਸਰਵਾਈਵਰ ਹੈ।

ਇਸ ਮੌਕੇ ਨੋਡਲ ਅਫ਼ਸਰ ਡਾ. ਰਜਨੀ ਬਾਲਾ, ਡਾ. ਹੇਮੰਤ ਕੁਮਾਰ, ਡਾ. ਨਵਦੀਪ, ਡਾ. ਨੀਰੂ ਕਲਸੀ ਨੇ ਝੰਡੂ, ਏਮਿਲ, ਨਾਗਾਅਰਜੁਨ, ਦੇਸ਼ਾਵਰੀ ਅਤੇ ਆਯੁਰਵੈਦਿਕ ਡਰੱਗ ਮੈਨੂਫੈਕਚਰਿੰਗ ਐਸੋਸੀਏਸ਼ਨ ਲੁਧਿਆਣਾ, ਜੰਗਲਾਤ ਵਿਭਾਗ, ਖੇਡ ਵਿਭਾਗ, ਵੇਰਕਾ ਦੇ ਅਧਿਕਾਰੀਆਂ ਦਾ ਭਾਗੀਦਾਰੀ ਲਈ ਕੋਟਿਨ-ਕੋਟ ਧੰਨਵਾਦ ਕੀਤਾ। ਸਮਾਰੋਹ ਮੌਕੇ ਮੰਚ ਸੰਚਾਲਨ ਡਾ. ਸ਼ਿਵਾਲੀ ਅਰੋੜਾ ਅਤੇ ਡਾ. ਰਾਜਨ ਕੌਸ਼ਲ ਨੇ ਕੀਤਾ।

## ਉਨਟਾਰੀਓ ਫਰੈਂਡਜ਼ ਕਲੱਬ ਤੇ ਜਗਤ ਪੰਜਾਬੀ ਸਭਾ ਵੱਲੋਂ ਕਰਵਾਇਆ ਗਿਆ ਕਵੀ ਦਰਬਾਰ

### 17, 18 ਅਤੇ 19 ਜੁਲਾਈ 2026 ਨੂੰ ਹੋਣ ਵਾਲੀ 12ਵੀਂ ਵਰਲਡ ਪੰਜਾਬੀ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਬਰੈਂਪਟਨ (ਕਨੇਡਾ) 22 ਜੂਨ : ਉਨਟਾਰੀਓ ਫਰੈਂਡਜ਼ ਕਲੱਬ (ਓ.ਐਫ.ਸੀ.) ਅਤੇ ਜਗਤ ਪੰਜਾਬੀ ਸਭਾ ਵੱਲੋਂ ਬਰੈਂਪਟਨ ਵਿਖੇ ਪ੍ਰਭਾਵਸ਼ਾਲੀ ਕਵੀ ਦਰਬਾਰ ਕਰਵਾਇਆ ਗਿਆ। ਇਸ ਸਾਹਿਤਕ ਸਮਾਗਮ ਵਿੱਚ 40 ਤੋਂ ਵੱਧ ਕਵੀਆਂ, ਸਾਹਿਤ ਪ੍ਰੇਮੀਆਂ ਅਤੇ ਮੈਂਬਰਾਂ ਨੇ ਭਾਗ ਲਿਆ।




ਸੰਤੋਖ ਸਿੰਘ ਸੰਧੂ ਤੇ ਹਲੀਮਾ ਸਾਦੀਆ ਨੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਵੀ ਦਰਬਾਰ ਦਾ ਸੰਚਾਲਨ ਕੀਤਾ।

ਤਾਹਿਰ ਅਸਲਮ ਗੋਰਾ, ਸੁਜਾਨ ਸਿੰਘ ਸੁਜਾਨ, ਸੁਰਿੰਦਰ ਸਿੰਘ ਸੂਰ, ਢਿੱਲੋਂ ਸਾਹਿਬ, ਅਮਰਿੰਦਰ ਸਿੰਘ, ਬਲਿਹਾਰ ਸਿੰਘ ਬੱਲੀ, ਆਰੀਆ ਜੀ, ਡਾ. ਰਮਨੀ ਬਤਰਾ, ਤ੍ਰਿਪਤਾ ਸੋਢੀ, ਰੁਪਿੰਦਰ ਕੌਰ ਸੰਧੂ, ਬਲਵਿੰਦਰ ਚੱਠਾ, ਮਨਦੀਪ ਮਾਂਗਟ, ਹੈਪੀ ਮਾਂਗਟ, ਮਲਕੀਤ ਸਿੰਘ ਜੌਹਲ, ਭੁਪਿੰਦਰ ਸਿੰਘ ਬਾਜਵਾ, ਗੁਰਨਾਮ ਸਿੰਘ ਟੋਡਰਵਾਲ, ਤਰਲੋਕ ਸਿੰਘ ਕਾਹਲੋਂ, ਗੁਰਪ੍ਰੀਤ ਸਿੰਘ ਢਿੱਲੋਂ, ਗੀਤਾ, ਬਾਬਰ ਨਸਰੁਲਾ, ਹਫੀਜ ਖਾਨ, ਹਲੀਮਾ ਸਾਦੀਆ, ਪ੍ਰਭਜੋਤ ਸਿੰਘ ਰਾਠੌਰ, ਤਜਿੰਦਰ ਸਿੰਘ ਚੀਮਾ, ਮੁਖਿੰਦਰ ਸੋਢੀ ਅਤੇ ਹੋਰ ਕਵੀਆਂ ਤੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹਿਆ।

ਸਭਾ ਦੇ ਸਰਪ੍ਰਸਤ ਅਜੈਬ ਸਿੰਘ ਚੱਠਾ ਨੇ ਫਾਦਰਜ਼ ਡੇਅ ਦੀਆਂ ਵਧਾਈਆਂ ਦਿੰਦਿਆਂ 17, 18 ਅਤੇ 19 ਜੁਲਾਈ 2026 ਨੂੰ ਹੋਣ ਵਾਲੀ 12ਵੀਂ ਵਰਲਡ ਪੰਜਾਬੀ ਕਾਨਫਰੰਸ ਨੂੰ ਕਾਮਯਾਬ ਬਣਾਉਣ ਲਈ ਵਿਚਾਰ ਵਿਟਾਂਦਰਾ ਵੀ ਕੀਤਾ ਗਿਆ। ਹਾਜ਼ਰੀਨਾਂ ਨੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ 28 ਜੂਨ 2026 ਨੂੰ ਮਨਾਏ ਜਾਣ ਵਾਲੇ ਫਾਦਰਜ਼ ਡੇਅ ਸਮਾਗਮ ਲਈ ਵੀ ਉਤਸ਼ਾਹ ਪ੍ਰਗਟਾਇਆ ਗਿਆ।


ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿੱਚ ਮਲਕੀਤ ਸਿੰਘ ਔਜਲਾ, ਭੁਪਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਢਿੱਲੋਂ ਅਤੇ ਸਰਦੂਲ ਸਿੰਘ ਥਿਆੜਾ ਸ਼ਾਮਲ ਰਹੇ। ਇਸ ਮੌਕੇ ਸਰਦੂਲ ਸਿੰਘ ਥਿਆੜਾ ਨੇ ਜਾਣਕਾਰੀ ਦਿੱਤੀ ਕਿ 18 ਜੁਲਾਈ ਦੀ ਸ਼ਾਮ ਕਾਨਫਰੰਸ ਦੌਰਾਨ ਹੋਣ ਵਾਲੇ ਕਵੀ ਦਰਬਾਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਕਵੀ ਨੂੰ ਤਰਲੋਕ ਸਿੰਘ ਕਾਹਲੋਂ ਵੱਲੋਂ 500 ਡਾਲਰ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਰਵੀ ਜੱਸਲ, ਮਾਲਕ ਝਾਂਜਰ ਟੀਵੀ ਵੱਲੋਂ ਸਮੁੱਚੇ ਕਵੀ ਦਰਬਾਰ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ।

ਇਸ ਮੌਕੇ ਮਲਕੀਤ ਸਿੰਘ ਔਜਲਾ ਤੇ ਕਾਨਫਰੰਸ ਲਈ ਵਿੱਤੀ ਸਹਾਇਤਾ ਦੇਣ ਵਾਲੇ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ।

## ਮਾਂ ਬੋਲੀ ਪੰਜਾਬੀ ਅਤੇ ਪੰਜਾਬੀ ਵਿਰਸੇ ਦੇ ਪਹਿਰੇਦਾਰ ਡਾ. ਦਲਬੀਰ ਸਿੰਘ ਕਥੂਰੀਆ ਜੀ ਨੂੰ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਗਹਿਰਾ ਦੁੱਖ

ਵਰਲਡ ਪੰਜਾਬੀ ਟਾਈਮਜ਼ ਡਾ. ਨਾਇਬ ਸਿੰਘ ਮੰਡੇਰ




ਰਤੀਆ (ਹਰਿਆਣਾ ),22 ਜੂਨ :ਵਿਸ਼ਵ ਪੰਜਾਬੀ ਭਵਨ ਬਰੈਂਪਟਨ (ਕੈਨੇਡਾ) ਦੇ ਬਾਨੀ, ਵਿਸ਼ਵ ਪੰਜਾਬੀ ਸਭਾ ਦੇ ਆਲਮੀ ਚੇਅਰਮੈਨ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਰਪ੍ਰਸਤ ਡਾ. ਦਲਬੀਰ ਸਿੰਘ ਕਥੂਰੀਆ ਜੀ ਦੇ ਸਤਿਕਾਰਯੋਗ ਮਾਤਾ ਜੀ, ਸਰਦਾਰਨੀ ਪ੍ਰੀਤਮ ਕੌਰ ਜੀ ਦੇ ਸਦੀਵੀ ਵਿਛੋੜੇ ਦੀ ਦੁਖਦਾਈ ਖ਼ਬਰ ਨੇ ਪੰਜਾਬੀ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਜਗਤ ਨੂੰ ਗਹਿਰੇ ਸੋਗ ਵਿੱਚ ਡੁੱਬੋ ਦਿੱਤਾ ਹੈ। ਉਨ੍ਹਾਂ ਦਾ ਇਹ ਅਚਾਨਕ ਵਿਛੋੜਾ ਕੇਵਲ ਕਥੂਰੀਆ ਪਰਿਵਾਰ ਲਈ ਹੀ ਨਹੀਂ, ਸਗੋਂ ਉਨ੍ਹਾਂ ਸਭ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਪਿਆਰ, ਸਨੇਹ, ਸਾਦਗੀ ਅਤੇ ਉੱਚੇ ਜੀਵਨ ਮੁੱਲਾਂ ਨੂੰ ਨੇੜਿਓਂ ਮਹਿਸੂਸ ਕੀਤਾ।

ਮਾਤਾ ਪ੍ਰੀਤਮ ਕੌਰ ਜੀ ਇੱਕ ਧਾਰਮਿਕ, ਸੇਵਾਭਾਵੀ ਅਤੇ ਉੱਚ ਆਦਰਸ਼ਾਂ ਵਾਲੀ ਮਹਾਨ ਸ਼ਖ਼ਸੀਅਤ ਸਨ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਹਮੇਸ਼ਾ ਪਰਿਵਾਰ ਅਤੇ ਸਮਾਜ ਨੂੰ ਸੱਚਾਈ, ਮਿਹਨਤ, ਇਮਾਨਦਾਰੀ ਅਤੇ ਪ੍ਰਭੂ ਭਗਤੀ ਦਾ ਰਾਹ ਦਿਖਾਇਆ। ਉਨ੍ਹਾਂ ਦੀ ਸੋਚ ਅਤੇ ਸੰਸਕਾਰਾਂ ਨੇ ਹੀ ਡਾ. ਦਲਬੀਰ ਸਿੰਘ ਕਥੂਰੀਆ ਵਰਗੇ ਸਮਾਜ ਸੇਵਾ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਲਈ ਸਮਰਪਿਤ ਵਿਅਕਤੀ ਨੂੰ ਘੜਨ ਵਿੱਚ ਅਹਿਮ ਭੂਮਿਕਾ ਨਿਭਾਈ।

ਮਾਂ ਇੱਕ ਅਜਿਹਾ ਰਿਸ਼ਤਾ ਹੈ ਜਿਸ ਦੀ ਮਮਤਾ, ਦੁਆਵਾਂ ਅਤੇ ਛਾਂ ਦਾ ਕੋਈ ਬਦਲ ਨਹੀਂ ਹੁੰਦਾ। ਮਾਂ ਦੀ ਵਿਦਾਈ ਨਾਲ ਘਰ ਦਾ ਇੱਕ ਅਜਿਹਾ ਚਾਨਣ ਬੁੱਝ ਜਾਂਦਾ ਹੈ ਜੋ ਸਾਰੀ ਉਮਰ ਦਿਲਾਂ ਵਿੱਚ ਰੌਸ਼ਨੀ ਕਰਦਾ ਰਹਿੰਦਾ ਹੈ। ਪਰ ਅਸਲ ਵਿੱਚ ਮਾਵਾਂ ਕਦੇ ਨਹੀਂ ਮਰਦੀਆਂ, ਉਹ ਆਪਣੀਆਂ ਸਿੱਖਿਆਵਾਂ, ਸੰਸਕਾਰਾਂ ਅਤੇ ਯਾਦਾਂ ਦੇ ਰੂਪ ਵਿੱਚ ਹਮੇਸ਼ਾ ਆਪਣੇ ਬੱਚਿਆਂ ਦੇ ਅੰਦਰ ਜੀਉਂਦੀਆਂ ਰਹਿੰਦੀਆਂ ਹਨ।

ਇਸ ਦੁੱਖ ਦੀ ਘੜੀ ਵਿੱਚ ਅਸੀਂ ਵਿਸ਼ਵ ਪੰਜਾਬੀ ਸਭਾ ਇਕਾਈ ਹਰਿਆਣਾ, ਲੋਕ ਚੇਤਨਾ ਮੰਚ ਹਰਿਆਣਾ ਅਤੇ ਸਮੂਹ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਸੰਗਠਨਾਂ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਜੀ, ਸਤਿਕਾਰਯੋਗ ਬਾਪੂ ਜੀ ਸ. ਸੁਬੇਗ ਸਿੰਘ ਜੀ ਅਤੇ ਸਮੂਹ ਕਥੂਰੀਆ ਪਰਿਵਾਰ ਨਾਲ ਡੂੰਘੀ ਹਮਦਰਦੀ ਅਤੇ ਸੰਵੇਦਨਾ ਦਾ ਪ੍ਰਗਟਾਵਾ ਕਰਦੇ ਹਾਂ।

ਅਸੀਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਸਰਦਾਰਨੀ ਪ੍ਰੀਤਮ ਕੌਰ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ, ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ, ਹੌਸਲਾ ਅਤੇ ਚੜ੍ਹਦੀ ਕਲਾ ਬਖ਼ਸ਼ਣ।

"ਮਾਵਾਂ ਸਰੀਰਕ ਤੌਰ 'ਤੇ ਭਾਵੇਂ ਵਿਛੜ ਜਾਂਦੀਆਂ ਹਨ, ਪਰ ਉਨ੍ਹਾਂ ਦੀਆਂ ਦੁਆਵਾਂ ਅਤੇ ਸੰਸਕਾਰ ਸਦਾ ਆਪਣੇ ਬੱਚਿਆਂ ਦੇ ਨਾਲ ਚਲਦੇ ਰਹਿੰਦੇ ਹਨ।"

## ਬੂਥ ਲੈਵਲ ਏਜੰਟਾਂ (ਬੀਐਲਏਜ) ਲਈ ਔਰੀਐਂਟੇਸ਼ਨ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 22 ਜੂਨ:ਭਾਰਤ ਚੋਣ ਕਮਿਸ਼ਨ, ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐਸ ਆਈ ਆਰ) ਮੁਹਿੰਮ ਤਹਿਤ ਵਿਧਾਨ ਸਭਾ ਹਲਕਾ 115-ਪਟਿਆਲਾ ਵਿਖੇ ਵੱਖ-ਵੱਖ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ (ਬੀਐਲਏਜ) ਲਈ ਕਰਵਾਏ ਔਰੀਐਂਟੇਸ਼ਨ ਪ੍ਰੋਗਰਾਮ ਦੌਰਾਨ ਵਧੀਕ ਮੁੱਖ ਚੋਣ ਅਫਸਰ, ਪੰਜਾਬ ਸ਼੍ਰੀ ਅਮਨਦੀਪ ਬਾਂਸਲ ਨੇ ਟ੍ਰੇਨਿੰਗ ਦਾ ਜਾਇਜ਼ਾ ਲਿਆ। ਇਸ ਮੌਕੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ (ਈਆਰਓ) ਗੁਰਦੇਵ ਸਿੰਘ, ਤਹਿਸੀਲਦਾਰ ਚੋਣਾਂ ਵਿਜੈ ਕੁਮਾਰ ਚੌਧਰੀ, ਏ.ਈ.ਆਰ.ਓ.-1 ਕਮ- ਨਾਇਬ ਤਹਿਸੀਲਦਾਰ ਕਰਨਬੀਰ ਸਿੰਘ ਮਾਨ, ਅਸੈਂਬਲੀ ਲੈਵਲ ਮਾਸਟਰ ਟ੍ਰੇਨਰ ਧਰਮਿੰਦਰ ਸਿੰਘ, ਚੋਣ ਕਾਨੂੰਗੋ ਪ੍ਰੀਤੀ ਸ਼ਰਮਾ ਇਲੈਕਸ਼ਨ ਇੰਚਾਰਜ ਗੁਰਦੇਵ ਸਿੰਘ ਵੀ ਹਾਜ਼ਰ ਸਨ।

ਵਰਲਡ ਪੰਜਾਬੀ ਟਾਈਮਜ਼ 22 ਜੂਨ 2026 ਦਿਨ ਸੋਮਵਾਰ

# "ਬਲੀਡਿੰਗ ਵੋਮੈਨ" ਤੋਂ ਨਾਰੀ ਚੇਤਨਾ ਤੱਕ: ਡਾ. ਸਰਬਜੀਤ ਕੌਰ ਸੋਹਲ ਨਾਲ 'ਸਿਰਜਣਾ ਦੇ ਆਰ ਪਾਰ ਪ੍ਰੋਗਰਾਮ ਵਿੱਚ 'ਅਰਥਪੂਰਨ ਗੱਲਬਾਤ"

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ




ਬਰੈਂਪਟਨ, 22 ਜੂਨ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਪ੍ਰੋ . ਕੁਲਜੀਤ ਕੌਰ ਵੱਲੋ, "ਸਿਰਜਣਾ ਦੇ ਆਰ ਪਾਰ" ਪ੍ਰੋਗਰਾਮ ਤਹਿਤ ਡਾ. ਸਰਬਜੀਤ ਕੌਰ ਸੋਹਲ ਜੀ ਦਾ ਰੂਬਰੂ 21 ਜੂਨ ਦਿਨ ਐਤਵਾਰ ਨੂੰ ਕੀਤਾ ਗਿਆ। ਅੱਜ ਦਾ ਪ੍ਰੋਗਰਾਮ ਪ੍ਰੋ ਕੁਲਜੀਤ ਜੀ ਵੱਲੋ ਕੀਤਾ 54ਵਾ ਰੂਬਰੂ ਸੀ।ਰਿੰਟੂ ਭਾਟੀਆ ਜੀ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਸਾਰੀਆ ਸ਼ਖਸੀਅਤਾਂ ਨੂੰ ਜੀ ਆਇਆਂ ਕਿਹਾ ਡਾ.ਤੇ ਉਹਨਾਂ ਦੀ ਇੱਕ ਰਚਨਾ ਨੂੰ ਵੀ ਪੇਸ਼ ਕੀਤਾ । ਸੁਰਜੀਤ ਜੀ ਨੇ ਡਾ. ਸੋਹਲ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਦੇ ਸਾਹਿਤਕ ਜਗਤ ਬਾਰੇ ਗੱਲ ਕਰਦਿਆਂ ਕਿਹਾ ਅੱਜ ਦਾ ਰਬਰੂ ਉਹਨਾਂ ਦਾ ਸੁਭਾਗ ਹੈ ਤੇ ਪ੍ਰੋ ਕੁਲਜੀਤ ਦੇ ਇਸ ਯਤਨ ਦੀ ਸ਼ਲਾਘਾ ਕੀਤੀ । ਸਤਬੀਰ ਸਿੰਘ ਜੀ ਨੇ ਡਾ. ਸੋਹਲ ਨੂੰ ਅਤੇ ਸਾਰਿਆਂ ਨੂੰ ਜੀ ਆਇਆਂ ਕਿਹਾ । ਰਮਿੰਦਰ ਵਾਲੀਆ ਜੀ ਨੇ ਡਾ . ਸੋਹਲ ਨਾਲ ਆਪਣੀਆ ਅਪਣੱਤ ਭਰੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਕਿਹਾ ਨੂੰ ਕਿ ਡਾ . ਸੋਹਲ ਮੈਡਮ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਬੈਕ ਬੋਨ ਤੇ ਚੇਅਰਪਰਸਨ ਵੀ ਹਨ । ਡਾ. ਸਰਬਜੀਤ ਸੋਹਲ ਬਾਰੇ ਆਪਣੀ ਨਜ਼ਮ ," ਮੇਰੀ ਰਾਹ ਦਸੇਰਾ" ਪੇਸ਼ ਕਰਦਿਆ ਉਹਨਾਂ ਦੀ ਪ੍ਰੇਰਨਾ ਮਈ ਸ਼ਖ਼ਸੀਅਤ ਨੂੰ ਪੇਸ਼ ਕੀਤਾ। ਪ੍ਰੋ.ਕੁਲਜੀਤ ਜੀ ਨੇ ਡਾ.ਸੋਹਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ , ਉਹ ਹੱਕ ਸੱਚ , ਸਾਦਗੀ ਤੇ ਰੀਝ ਨਾਲ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਦਿੰਦੀ ਸ਼ਖ਼ਸੀਅਤ ਹਨ।

ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਕਰੋਨਾ ਕਾਲ ਦੌਰਾਨ ਰਚਾਏ ਸੰਵਾਦ ਦੀ ਚਰਚਾ ਕੀਤੀ ਤੇ ਸਿੱਖਿਅਕ ਖੇਤਰ ਦਾ ਚਾਨਣ ਮੁਨਾਰਾ ਹਨ। । ਆਪਣੇ ਮਾਪਿਆਂ ਬਾਰੇ ਦੱਸਦਿਆਂ ਡਾ. ਸੋਹਲ ਨੇ ਕਿਹਾ ਕਿ ਉਹਨਾਂ ਦੀ ਪਰਵਰਿਸ਼ ਵਿੱਚ ਮਾਪਿਆਂ ਦਾ ਯੋਗਦਾਨ ਦੱਸਿਆ ਤੇ ਕਿਹਾ ਉਹ ਘਰ ਦੀ ਪਲੇਠੀ ਧੀ , ਦੋਹਤੀ ਹਨ। ਸਿੱਖਿਆ ਵਿੱਚ ਪੀ . ਐਚ ਡੀ ਤੇ ਪੱਤਰਕਾਰੀ ਦੀ ਡਿਗਰੀ ਪ੍ਰਾਪਤੀ ਕੀਤੀ । ਮਾਪਿਆਂ ਨੇ ਕੋਈ ਬੰਦਿਸ਼ ਨਹੀਂ ਲਾਈ ਤੇ ਉਹਨਾਂ ਨੇ ਮਾਂ ਬਾਪ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ॥ ਅੱਜ ਉਹ ਮਾਨਸਾ ਵਿਖੇ ਆਪਣੀਆ ਸਿੱਖਿਆ ਸੰਸਥਾਵਾਂ ਵਿੱਚ ਕੁਦਰਤ ਨਾਲ ਜੁੜੇ ਹੋਏ ਹਨ। ਉਹਨਾਂ ਦੇ ਪਤੀ ਪੁਲਿਸ ਵਿੱਚ ਉੱਚ ਅਹੁਦੇ ਤੇ ਬਿਰਾਜਮਾਨ ਰਹੇ ਹਨ ।ਜ਼ਿੰਦਗੀ ਦਾ ਹੁਸੀਨ ਸਾਥ ਮਾਣਦੇ ਹੋਏ ਉਹਨਾਂ ਦੀ ਹਰ ਪ੍ਰਾਪਤੀ ਪਿੱਛੇ ਉਹਨਾਂ ਦੇ ਪਰਿਵਾਰ ਦਾ ਹੱਥ ਹੈ॥

ਉਹਨਾਂ ਆਪਣੀ ਪਹਿਲੀ ਕਵਿਤਾ ਦਾ ਜ਼ਿਕਰ ਕੀਤਾ ਤੇ ਕਿਹਾ ਉਹਨਾਂ ਦੀ ਲਿਖਤ ਵਿੱਚ ਕਿਤੇ ਵੀ ਬਣਾਵਟ ਨਹੀ । ਉਹਨਾਂ ਦਾ ਪੀ ਐਚ ਡੀ ਦਾ ਖੋਜ ਕਾਰਜ ਡਾ. ਹਰਭਜਨ ਸਿੰਘ ਜੀ ਬਾਰੇ ਹੈ। ਉਹਨਾਂ ਕਵਿਤਾ, ਕਹਾਣੀ, ਆਲੋਚਨਾ ਤੇ ਪੱਤਰਕਾਰੀ ਦੇ ਖੇਤਰ ਵਿੱਚ ਬਹੁਤ ਬਹੁਮੁੱਲੀ ਸਾਹਿਤ ਸਿਰਜਣਾ ਕੀਤੀ ਹੈ ਜੋ ਕਿ ਵੱਖ ਵੱਖ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਸ਼ਾਮਿਲ ਹਨ।

ਬਲੀਡਿੰਗ ਵੋਮੈਨ ਬਾਰੇ ਉਹਨਾਂ ਨੇ ਔਰਤ ਦੇ ਸੱਚ ਤੇ ਹੋਣੀ ਬਾਰੇ ਕਿਹਾ ਹਰ ਔਰਤ ਔਰਤ ਹੋਣ ਦੀ ਹੋਣੀ ਭੁਗਤ ਰਹੀ ਹੈ । ਚੇਤੰਨ ਔਰਤ ਇਹ ਮਹਿਸੂਸਦੀ ਹੈ ਤੇ ਇਹ ਪੁਸਤਕ ਦਰਦ ਹੰਢਾਉਂਦੀਆਂ ਬੱਚੀਆਂ ਨੂੰ ਚੇਤੰਨ ਕਰਦੀ ਹੈ । ਇਹ ਹਰ ਔਰਤ ਦੀ ਕਹਾਣੀ ਹੈ ਚਾਹੇ ਪੜੀ ਹੈ ਜਾਂ ਅਨਪੜ੍ਹ । ਇਹ ਬਚਪਨ ਤੋਂ ਲੈ ਕੇ ਉਸਦੇ ਮਾਨਸਿਕ ਤੌਰ ਤੇ ਤਸ਼ੱਦਦ ਦੀਆਂ ਵੱਖ ਵੱਖ ਸਥਿਤੀਆਂ ਦੀ ਗੱਲ ਕਰਦੀ ਹੈ। ਬੰਦਿਸ਼ਾਂ ਭਰੀ ਜ਼ਿੰਦਗੀ ਨਾਲ ਵਿਆਹ ਲਈ ਤਿਆਰ ਕੀਤਾ ਜਾਂਦਾ ਹੈ ਮਨਚਾਹੀ ਸਪੇਸ ਕਦੇ ਨਹੀਂ ਮਿਲਦੀ।

ਡਾ. ਸੋਹਲ ਨੇ ਕਾਲਜ ਅਧਿਆਪਨ ਦੌਰਾਨ ਕੀਤੇ ਅਨੁਭਵਾਂ ਦੇ ਆਧਾਰ ਤੇ ਹੋਂਦ ਦੇ ਅਹਿਸਾਸ ਬਾਰੇ ਸੁਚੇਤ ਗੱਲ ਕੀਤੀ ਹੈ। ਉਹਨਾਂ ਨੇ ਔਰਤ ਮਨ ਨੂੰ ਵਾਰਤਕ ਵਿੱਚ ਜ਼ੁਬਾਨ ਦਿੱਤੀ ਹੈ। ਔਰਤ ਦੀ ਪਰਵਰਿਸ਼ ਤੇ ਜ਼ਿੰਦਗੀ ਦੀਆਂ ਬੰਦਿਸ਼ਾਂ ਹਨ ਤੇ ਉਹਨਾਂ ਬੇਬਾਕੀ ਨਾਲ ਅਣਛੋਹੇ ਵਿਸ਼ਿਆਂ ਤੇ ਗੱਲ ਕੀਤੀ ਹੈ।ਪ੍ਰਚਲਿਤ ਕਥਾਵਾਂ ਤੇ ਵਲਗਣਾ ਚੋਂ ਨਿੱਕਲਣ ਦੀ ਲੋੜ ਹੈ। ਔਰਤ ਲੇਖਕਾਵਾਂ ਤੇ ਉਹਨਾਂ ਨੇ ਛੇ ਪੁਸਤਕਾਂ ਸੰਪਾਦਿਤ ਕੀਤੀਆਂ ਹਨ।

ਪ੍ਰੋਫੈਸਰ ਪਵਨ ਖਿੱਚੀ ਦੇ ਬਲੀਡਿੰਗ ਵੋਮੇਨ ਪੁਸਤਕ ਬਾਰੇ ਵਿਚਾਰ ... ਰਮਿੰਦਰ ਜੀ ਨੇ ਪੜ੍ਹ ਕੇ ਸੁਣਾਏ ।

ਪ੍ਰੋ ਕੁਲਜੀਤ ਨੇ ਬਹੁਤ ਹੀ ਮਿਹਨਤ ਨਾਲ ਤਸਵੀਰਾਂ ਦੇ ਮਾਧਿਅਮ ਨਾਲ ਪੇਸ਼ਕਾਰੀ ਰਾਹੀਂ ਉਹਨਾਂ ਦੀ ਸਾਹਿਤਕ ਸ਼ਖਸੀਅਤ ਨੂੰ ਪੇਸ਼ ਕੀਤਾ।

ਡਾ. ਸੋਹਲ ਨੇ ਆਪਣੀਆਂ ਕਵਿਤਾ, "ਨਾਨਕ ਵੇਲਾ" ਤੇ " ਤੁਸੀ ਕਿੱਲਾਂ ਗੱਡਦੇ ਹੋ .... ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆ ।

ਡਾ ਸੋਹਲ ਨੇ ਦੱਸਿਆ ਕਿ ਔਰਤ ਨੂੰ ਮਰਦ ਦੇ ਅਧੀਨ ਰੱਖਣ ਦੀ ਰੁਚੀ ਹੈ। ਦੋਹਾਂ ਵਿੱਚ ਆਪਸੀ ਸਮਝ ਤੇ ਸੂਝ ਨਾਲ ਚੱਲਣਾ ਜ਼ਰੂਰੀ ਹੈ ਤਾਂ ਹੀ ਜ਼ਿੰਦਗੀ ਸਾਵੀ ਰਹਿ ਸਕਦੀ ਹੈ। ਔਰਤ ਦੀ ਜ਼ਿੰਦਗੀ ਪੈਮਾਨਿਆਂ ਤੋ ਮੁਕਤ ਹੋਵੇ ਤੇ ਮਰਦ ਪਰਵਰਿਸ਼ ਦੀ ਵੀ ਇਸ ਨੁਕਤੇ ਤੋਂ ਹੋਣੀ ਚਾਹੀਦੀ ਹੈ। ਔਰਤ ਨੂੰ ਜ਼ਿੰਦਗੀ ਦਾ ਹਰ ਪਲ ਉਤਸਵ ਮੰਨ ਕੇ ਜਿਉਣਾ ਚਾਹੀਦਾ ਹੈ ਸਵੈਮਾਣ ਤੇ ਜਸ਼ਨ ਵਾਂਗ ਜ਼ਿੰਦਗੀ ਜਿਊਣੀ ਜਰੂਰੀ ਹੈ । ਇਹੀ ਉਹਨਾਂ ਦਾ ਆਸ਼ਾਵਾਦੀ ਸੁਨੇਹਾ ਹੈ।

ਡਾ. ਬਲਜੀਤ ਰਿਆੜ ਨੇ ਡਾ. ਸੋਹਲ ਬਾਰੇ ਕਿਹਾ ਕਿ ਉਹਨਾ ਨੇ ਸੁਤਰਿਕ ਢੰਗ ਨਾਲ ਜੀਵਨ ਯਥਾਰਥ ਦੀਆਂ ਰਮਜ਼ਾਂ ਪੇਸ਼ ਕੀਤੀਆਂ ਹਨ । ਉਹ ਜ਼ਿੰਦਗੀ ਦੀ ਹਰ ਭੂਮਿਕਾ ਬਾਖੂਬੀ ਨਿਭਾ ਰਹੇ ਹਨ ਜਿਸ ਪਿੱਛੇ ਵਿਰਾਸਤੀ ਤੇ ਪਰਿਵਾਰ ਦਾ ਪੂਰਾ ਯੋਗਦਾਨ ਰਿਹਾ ਹੈ। ਉਹਨਾਂ ਦੀ ਬੇਬਾਕੀ ਤੇ ਸੰਵੇਦਨਾ ਉਹਨਾਂ ਨੂੰ ਪ੍ਰਭਾਵਤ ਕਰਦੀ ਹੈ। ਉਹ ਸਿਰਜਣਾਤਮਕ ਤੇ ਆਲੋਚਨਾਤਮਿਕ ਸ਼ਖਸੀਅਤ ਦੋਹਾਂ ਦਾ ਸੁਮੇਲ ਹਨ। ਔਰਤ ਹੋ ਕੇ ਸੰਤੁਲਿਤ ਢੰਗ ਨਾਲ ਕਰਨੀ ਉਹਨਾਂ ਦਾ ਹਾਸਿਲ ਹੈ।

ਅਜੈਬ ਸਿੰਘ ਚੱਠਾ ਜੀ ਨੇ ਰਮਿੰਦਰ ਵਾਲੀਆ ਜੀ ਦੀ ਲਗਾਤਾਰਤਾ ਤੇ ਮਿਹਨਤ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਡਾ. ਸੋਹਲ ਜੀ ਲੇਖਕ ਹੋਣ ਦੇ ਨਾਲ ਕਾਮਯਾਬ ਇਨਸਾਨ ਹਨ। ਉਹਨਾਂ ਨੇ ਡਾ. ਸੋਹਲ ਦੇ ਬੇਬਾਕ ਅੰਦਾਜ਼ ਦੀ ਸ਼ਲਾਘਾ ਕੀਤੀ।

ਪ੍ਰੋਗਰਾਮ ਦੇ ਸਰਪਰਸਤ ਸੁਰਜੀਤ ਜੀ ਨੇ ਕਿਹਾ ਕਿ ਡਾ. ਸੋਹਲ ਤੇ ਉਹ ਭਾਵੇਂ ਮੂਲ ਰੂਪ ਚ ਕਵਿੱਤਰੀ ਹਨ ਪਰ ਵਿਸ਼ਿਆਂ ਦੀ ਵਿਸਥਾਰਤਾ ਕਹਾਣੀ , ਵਾਰਤਕ ਵੱਲ ਲੈ ਜਾਂਦੀ ਹੈ। ਬਲੀਡਿੰਗ ਵੋਮੈਨ ਪੁਸਤਕ ਇਕ ਔਰਤ ਦੀ ਆਜ਼ਾਦੀ ਦਾ ਇਤਿਹਾਸ ਹੈ । ਅਸੀਂ ਉਸ ਇਤਿਹਾਸ ਦੇ ਚਸ਼ਮਦੀਦ ਗਵਾਹ ਹਾਂ ਤੇ ਨਵੀਂ ਪੀੜੀ ਨੂੰ ਸੇਧ ਦੇਣੀ ਸਾਡਾ ਫਰਜ਼ ਹੈ ਜੋ ਡਾ. ਸੋਹਲ ਨੇ ਬੇਬਾਕੀ ਨਾਲ ਵਾਰਤਕ ਵਿੱਚ ਯਥਾਰਥ ਨੂੰ ਵਿਗਿਆਨ ਨਾਲ ਜੋੜ ਕੇ ਬੜੇ ਸੁਹਜ ਨਾਲ ਨਿਭਾਇਆ ਹੈ। ਡਾ. ਸੋਹਲ ਔਰਤ ਜਾਤੀ ਦਾ ਮਾਣ ਹਨ ਉਹਨਾਂ ਤੋ ਸਿੱਖਣ ਦੀ ਲੋੜ ਹੈ।

ਗੁਰਚਰਨ ਸਿੰਘ ਜੋਗੀ ਜੀ ਨੇ ਕਿਹਾ ਡਾ. ਸੋਹਲ ਵਰਗੀ ਸ਼ਖ਼ਸੀਅਤ ਨੂੰ ਸੁਣਨਾ ਉਹਨਾਂ ਦਾ ਸੁਭਾਗ ਹੈ। ਡਾ . ਕੁਲਜੀਤ ਜੀ ਦਾ ਕਮਾਲ ਹੈ ਕਿ ਉਹ ਸਰੋਤਿਆਂ ਦੇ ਮਨੋਭਾਵ ਸੁਆਲਾਂ ਦੇ ਰੂਪ ਵਿੱਚ ਪੁੱਛ ਕੇ ਸਰੋਤਿਆਂ ਦੀ ਜਗਿਆਸਾ ਸ਼ਾਂਤ ਕਰ ਦਿੰਦੇ ਹਨ।

ਪ੍ਰੋਗਰਾਮ ਦੇ ਅੰਤ ਤੇ ਡਾ. ਸੋਹਲ ਨੇ ਸਭ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਿਆਂ ਕਿਹਾ ਹਰ ਬੋਲ ਉਹਨਾਂ ਲਈ ਫਰਜ਼ਾਂ ਪ੍ਰਤੀ ਹੋਰ ਸੁਚੇਤਤਾ ਦਾ ਅਹਿਸਾਸ ਦਿੰਦਾ ਰਹੇਗਾ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਵਿਦਵਾਨਾਂ ਨੇ ਸ਼ਿਰਕਤ ਕੀਤੀ ਤੇ ਨਿੱਠ ਕੇ ਪ੍ਰੋਗਰਾਮ ਨੂੰ ਸੁਣਿਆ । ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਅਸਾਂ ਜੋਗੀ ਬਣ ਜਾਣਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਨੀ ਤੂੰ ਬਣ ਸਾਡੀ ਹੀਰ ਸਾਡੇ ਲੇਖਾਂ ਦੀ ਲਕੀਰ
ਵੇਖੀਂ ਮੇਟ ਹੀ ਨਾ ਦੇਵੇ ਹੀਰੇ ਆ ਕੇ ਸੈਦਾ ਕਾਣਾ ।
ਅਸਾਂ ਜੋਗੀ ਬਣ ਜਾਣਾ ।

ਵੇਖ ਘੁੱਗੀਆਂ ਦਾ ਜੋੜਾ ਨੀ ਕਲੋਲ ਕਰਦਾ ।
ਕਿਵੇਂ ਪਿਆਰ ਨਾਲ ਚੁੰਝਾਂ ਕੋਲ਼ ਕੋਲ਼ ਕਰਦਾ ।
ਤੇਰੇ ਬਿਨਾ ਮੈਂ ਇਕੱਲ੍ਹਾ ਠੰਢੇ ਹੌਕੇ ਭਰਦਾ ।
ਦੱਸ ਕਦੋਂ ਹੁਣ ਦੋਹਾਂ ਵਿੱਚ ਫ਼ਾਸਲਾ ਮੁਕਾਣਾ ।
ਅਸਾਂ ਜੋਗੀ ਬਣ ਜਾਣਾ ।

ਤੈਨੂੰ ਰੱਬ ਦਿੱਤਾ ਸੱਜਰੀ ਸਵੇਰ ਜਿਹਾ ਮੁੱਖ ।
ਜਦੋਂ ਤੁਰਦੀ ਤਾਂ ਵੇਖ ਕੇ ਹੁਲਾਰੇ ਖਾਣ ਰੁੱਖ ।
ਤੈਨੂੰ ਰੱਜ ਰੱਜ ਵੇਖਣੇ ਦੀ ਸਦਾ ਰਹੇ ਭੁੱਖ ।
ਤੇਰੇ ਦਿਲ ਵਿੱਚ ਮਿਲਿਆ ਨਾ ਮੈਨੂੰ ਜੇ ਟਿਕਾਣਾ ।
ਅਸਾਂ ਜੋਗੀ ਬਣ ਜਾਣਾ ।

ਨੀ ਮੈਂ ਤੇਰੇ ਪਿੱਛੇ ਛੱਡ ਆਇਆ ਤਖ਼ਤ ਹਜ਼ਾਰਾ ।
ਮੈਨੂੰ ਪਾਲ਼ੀ ਪਾਲ਼ੀ ਆਖਦਾ ਸਿਆਲ ਪਿੰਡ ਸਾਰਾ ।
ਵੇਖੀਂ ਮਹਿਲਾਂ ਪਿੱਛੇ ਢਾਹੀਂ ਨਾ ਤੂੰ ਪਿਆਰ ਦਾ ਮੁਨਾਰਾ ।
ਮੇਰੇ ਬਿਨਾ ਕਿਸੇ ਵੰਝਲੀ ਦਾ ਬੋਲ ਨਹੀਂ ਸੁਨਾਣਾ ।
ਅਸਾਂ ਜੋਗੀ ਬਣ ਜਾਣਾ ।

ਪਿਆਰ ਹੁੰਦਾ ਨਹੀਉਂ ਗੁੱਡੀ ਤੇ ਪਟੋਲੇ ਵਾਲਾ ਖੇਲ੍ਹ ।
ਕੌਣ ਦੱਸੇ ਇਹ ਤਾਂ ਤੇਰਾ ਮੇਰਾ ਜਨਮਾਂ ਦਾ ਮੇਲ ।
ਵੇਖੀਂ ਜ਼ਿੰਦਗੀ ਦੇ ਦੀਵੇ ਵਿੱਚੋਂ ਮੁੱਕ ਜੇ ਨਾ ਤੇਲ ।
ਮੈਥੋਂ ਤੇਰੇ ਤੋਂ ਬਗੈਰ ਅੱਗੇ ਤੁਰਿਆ ਨਹੀਂ ਜਾਣਾ ।
ਅਸਾਂ ਜੋਗੀ ਬਣ ਜਾਣਾ ।

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਾਦ-ਵਿਵਾਦ ਚਿੰਤਾ ਦਾ ਵਿਸ਼ਾ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਰੋਕਣ ਲਈ ਪੰਜਾਬ ਸਰਕਾਰ ਨੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਬਣਾਉਣ ਤੋਂ ਬਾਅਦ ਇੱਕ ਨਵਾਂ ਵਾਦਵਿਵਾਦ ਪੈਦਾ ਹੋ ਗਿਆ ਹੈ। ਇਸ ਬੇਅਦਬੀ ਕਾਨੂੰਨ ਨੇ ਸਿਆਸੀ ਰੰਗਤ ਫੜ੍ਹ ਲਈ ਹੈ। ਇਥੇ ਵਿਚਾਰ ਕਰਨ ਦਾ ਭਾਵ ਇਹ ਕਾਨੂੰਨ ਸਹੀ ਜਾਂ ਗ਼ਲਤ ਬਾਰੇ ਫੈਸਲਾ ਕਰਨਾ ਨਹੀਂ ਹੈ, ਪ੍ਰੰਤੂ ਇਸ ਕਾਨੂੰਨ ਦੇ ਬਣਨ ਨਾਲ ਸਿੱਖ ਪੰਥ ਅੱਜ ਕਲ੍ਹ ਘੋਰ ਸੰਕਟ ਵਿੱਚ ਗ੍ਰਸਤ ਹੋ ਗਿਆ ਹੈ। ਸਿੱਖ ਸੰਗਤ ਬੁਰੀ ਤਰ੍ਹਾਂ ਦੁਬਿਧਾ



ਵਿੱਚ ਫਸੀ ਹੋਈ ਹੈ। ਸਮੂਹ ਸੰਗਤ ਇੱਕਮੁੱਠ ਨਹੀਂ ਹੈ। ਸਿੱਖਾਂ ਦੇ ਸਾਰੇ ਧੜੇ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਵਾਦ-ਵਿਵਾਦ ਧਰਮ ਅਰਥਾਤ ਸਿੱਖ ਪੰਥ ਬਾਰੇ ਹੈ, ਪ੍ਰੰਤੂ ਅਫ਼ਸੋਸ ਦੀ ਗੱਲ ਹੈ ਕਿ ਸਾਰੀ ਬਿਆਨਬਾਜ਼ੀ ਸਿਆਸਤ ਤੋਂ ਪ੍ਰੇਰਿਤ ਹੈ। ਧਰਮ ਤੇ ਸਿਆਸਤ ਨੂੰ ਰਲਗਡ ਕੀਤਾ ਜਾ ਰਿਹਾ ਹੈ। ਵਿਚਾਰ ਚਰਚਾ ਬੇਅਦਬੀ ਕਾਨੂੰਨ ਬਾਰੇ ਹੋਣੀ ਚਾਹੀਦੀ ਹੈ। ਸੰਜੀਦਗੀ ਨਾਲ ਵਿਚਾਰਿਆ ਨਹੀਂ ਜਾ ਰਿਹਾ। ਵਿਚਾਰਾਂ ਦਾ ਵਖਰੇਵਾਂ ਹੋਣਾ ਕੋਈ ਗ਼ਲਤ ਗੱਲ ਨਹੀਂ, ਪ੍ਰੰਤੂ ਬੇਲੋੜੀ ਬਿਆਨਬਾਜ਼ੀ ਵੀ ਧਰਮ ਦੀ ਪਵਿਤਰਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸਿੱਖ ਵਿਦਵਾਨਾ ਅਤੇ ਸਿਰਮੌਰ ਸਿੱਖ ਸੰਪਰਦਾਵਾਂ ਨੂੰ ਸੰਜੀਦਗੀ ਨਾਲ ਮਿਲ ਬੈਠਕੇ ਵਿਚਾਰ ਚਰਚਾ ਕਰਨ ਦੀ ਅਤਿਅੰਤ ਲੋੜ ਹੈ। ਜੇਕਰ ਇਸ ਸੰਕਟ ਵਿੱਚੋਂ ਸਿੱਖ ਪੰਥ ਨੂੰ ਨਿਕਾਲਿਆ ਨਹੀਂ ਜਾਂਦਾ ਤਾਂ ਸ੍ਰੀ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਤੇ ਸਰਵਉਚਤਾ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਹੈ। ਸਿੱਖ ਵਿਰੋਧੀ ਤਾਕਤਾਂ ਇਹੋ ਕੁਝ ਚਾਹੁੰਦੀਆਂ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਜਗਤ ਸਾਜ਼ਸਾਂ ਦਾ ਸ਼ਿਕਾਰ ਹੋ ਰਿਹਾ ਹੈ। ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਵਾਦ-ਵਿਵਾਦ ਸਿੱਖ ਪੰਥ ਦਾ ਖਹਿੜਾ ਨਹੀਂ ਛੱਡ ਰਿਹਾ, ਕਿਉਂਕਿ ਕਿਸੇ ਨਾ ਕਿਸੇ ਵਿਸ਼ੇ 'ਤੇ ਖਾਮਖਾਹ ਵਾਦ-ਵਿਵਾਦ ਹੁੰਦਾ ਰਹਿੰਦਾ ਹੈ। ਲਗਪਗ ਹਰ ਅਖਾਉਤੀ ਵਿਦਵਾਨ ਆਪਣੀ ਵਿਦਵਤਾ ਦੀ ਪ੍ਰਮਾਣਿਕਤਾ ਸਥਾਪਤ ਕਰਨ ਲਈ ਸਿੱਖ ਵਿਚਾਰਧਾਰਾ ਦੀ ਆਪਣੇ ਹਿਸਾਬ ਨਾਲ ਚੀਰ-ਫਾੜ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿਸ ਕਰਕੇ ਵਾਦ-ਵਿਵਾਦ ਨਾਲ ਸਿੱਖ ਪੰਥ ਦੀ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਦਾ ਹੈ। ਤਾਜਾ ਵਾਦ-ਵਿਵਾਦ 15 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਸਪੀਕਰ, ਸਿੱਖ ਮੰਤਰੀਆਂ ਅਤੇ ਸਿੱਖ ਵਿਧਾਨਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਬਣਾਏ ਗਏ ਕਾਨੂੰਨ ਬਾਰੇ ਹੁਕਮਨਾਮਾ ਜ਼ਾਰੀ ਕਰਕੇ 29 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਨਾਲ ਬਣ ਗਿਆ ਹੈ। ਇਸ ਹੁਕਮਨਾਮੇ ਨਾਲ ਅਜੀਬ ਕਿਸਮ ਦੀ ਰੰਗਤ ਵਾਲੀ ਸ਼ੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿੱਚ ਚਰਚਾ ਸ਼ੁਰੂ ਹੋ ਗਈ ਹੈ। ਸਿੱਖ ਸੰਗਤ ਵਿੱਚ ਵੰਡੀਆਂ ਪੈ ਗਈਆਂ ਹਨ। ਮੁੱਖ ਤੌਰ 'ਤੇ ਸਿੱਖ ਕਈ ਧੜਿਆਂ ਵਿੱਚ ਵੰਡੇ ਗਏ ਹਨ। ਇੱਕ ਧੜਾ ਇਸ ਹੁਕਮਨਾਮੇ ਦੀ ਹਮਾਇਤ ਅਤੇ ਦੂਜਾ ਧੜਾ ਇਸਦਾ ਵਿਰੋਧ ਕਰਕੇ ਇਸਨੂੰ ਵਾਪਸ ਲੈ ਕੇ ਸੂਝਵਾਨ ਸਿੱਖ ਧਰਮ ਦੇ ਸਿਰਮੌਰ ਧਾਰਮਿਕ ਤੇ ਅਧਿਆਤਮਿਕ ਵਿਦਵਾਨਾ ਨਾਲ ਵਿਚਾਰ ਵਟਾਂਦਰਾ ਕਰਕੇ, ਇਸ ਉਲਝਣ ਦਾ ਕੋਈ ਹੱਲ ਕੱਢਣ ਲਈ ਜ਼ੋਰ ਦੇ ਰਿਹਾ ਹੈ। ਇਸ ਹੁਕਮਨਾਮੇ ਨਾਲ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਟਕਰਾਓ ਦੀ ਸਥਿਤੀ ਪੈਦਾ ਹੋ ਗਈ ਹੈ, ਜੋ ਬਹੁਤ ਹੀ ਮੰਦਭਾਗੀ ਹੈ। ਪੰਜਾਬ ਸਰਕਾਰ ਭਾਰਤ ਦੇ ਸੰਵਿਧਾਨ ਅਨੁਸਾਰ ਵਿਧਾਨਿਕ ਹੱਕਾਂ ਵਾਲੀ ਸੰਸਥਾ ਹੈ, ਜੋ ਕੋਈ ਵੀ ਕਾਨੂੰਨ ਬਣਾ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਧਰਮ ਦੀ ਧਾਰਮਿਕ ਸੰਸਥਾ ਹੈ, ਇਸਦਾ ਅਧਿਕਾਰ ਖੇਤਰ ਧਾਰਮਿਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਕੌਮ ਦੀ ਸਭ ਤੋਂ ਵੱਡੀ ਸੰਸਥਾ ਨੂੰ ਹਰ ਸਿੱਖ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਾਣਤਾ ਦਿੰਦਾ ਹੈ। ਇਸ ਸੰਸਥਾ ਦੇ ਹਰ ਹੁਕਮਨਾਮੇ 'ਤੇ ਫੁੱਲ ਚੜ੍ਹਾਉਣ ਨੂੰ ਪਹਿਲ ਦਿੰਦਾ ਹੋਇਆ ਮਾਣ ਮਹਿਸੂਸ ਕਰਦਾ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਇਸ ਤੋਂ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਹੋਏ ਕੁਝ ਹੁਕਮਨਾਮਿਆਂ ਦੀ ਸਿੱਖ ਜਗਤ ਨੇ ਪ੍ਰਵਾਹ ਨਹੀਂ ਕੀਤੀ, ਜਿਨ੍ਹਾਂ ਵਿੱਚ 1978 ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਵੱਲੋਂ 13 ਸਿੰਘਾਂ ਨੂੰ ਸ਼ਹੀਦ ਕਰਨ ਸੰਬੰਧੀ ਨਿਰੰਕਾਰੀਆਂ ਨਾਲ ਸਮਾਜਿਕ ਸੰਬੰਧ ਅਰਥਾਤ ਰੋਟੀ ਬੇਟੀ ਦਾ ਰਿਸ਼ਤਾ ਨਾ ਰੱਖਣ ਲਈ ਕਿਹਾ ਗਿਆ ਅਤੇ ਇਸ ਤੋਂ ਇਲਾਵਾ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੇ ਮੁੱਖ ਸੰਪਾਦਕ ਜੋਗਿੰਦਰ ਸਿੰਘ ਦਾ ਬਾਈਕਾਟ ਕਰਨ ਦਾ ਹੁਕਮਨਾਮਾ ਵੀ ਸ਼ਾਮਲ ਹਨ, ਜਿਨ੍ਹਾਂ 'ਤੇ ਸਿੱਖ ਸੰਗਤ ਨੇ ਅਮਲ ਨਹੀਂ ਕੀਤਾ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਲਈ ਅਧਿਆਤਮਿਕ ਤੇ ਰੂਹਾਨੀ ਸ਼ਕਤੀ ਦੀ ਪ੍ਰਾਪਤੀ ਦਾ ਮੁੱਖ ਕੇਂਦਰ ਬਿੰਦੂ ਹੈ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ 1606 ਵਿੱਚ ਕੀਤੀ ਸੀ। ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਵਿੱਚ ਹੀ ਸੱਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਵਾਕੇ ਇਹ ਸੰਦੇਸ਼ ਦਿੱਤਾ ਸੀ ਕਿ ਧਰਮ ਸਿੱਖ ਰਾਜ ਵਿੱਚ ਵਧੇਰੇ ਪ੍ਰਫੁਲਤ ਹੋ ਸਕਦਾ ਹੈ, ਪ੍ਰੰਤੂ ਉਨ੍ਹਾਂ ਦਾ ਇਹ ਭਾਵ ਨਹੀਂ ਸੀ ਕਿ ਧਰਮ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜਨੀਤੀ ਸ਼ਕਤੀ ਦੇ ਅਧੀਨ ਹੋਵੇਗਾ। ਇੱਕ ਕਿਸਮ ਨਾਲ ਮੀਰੀ ਤੇ ਪੀਰੀ ਦੋ ਵੱਖੋ-ਵੱਖਰੇ ਸਿਧਾਂਤ ਆਪਸ ਵਿੱਚ ਜੁੜੇ ਹੋਏ ਹਨ, ਜੋ 'ਧਾਰਮਿਕ ਅਤੇ ਰਾਜਨੀਤਕ ਸ਼ਕਤੀ' ਦੇ ਸੁਮੇਲ ਦਾ ਪ੍ਰਤੀਕ ਹਨ। ਮੀਰੀ ਦਾ ਭਾਵ ਰਾਜਨੀਤਕ ਸ਼ਕਤੀ ਅਤੇ ਪੀਰੀ ਦਾ ਅਰਥ ਅਧਿਆਤਮਿਕ ਜਾਂ ਧਾਰਮਿਕ ਹੈ। ਮੁਗ਼ਲਾਂ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਅਤੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਧਾਰਨ ਕੀਤੀਆਂ ਸਨ। ਭਾਵ ਭਗਤੀ ਦੇ ਨਾਲ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕਣ ਤੋਂ ਹਿਚਕਚਾਹਟ ਨਹੀਂ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਵਿਚਾਰਧਾਰਾਵਾਂ 'ਤੇ ਪਹਿਰਾ ਦੇਣ ਦਾ ਕੰਮ ਕਰੇਗਾ। ਸਿੱਖ ਸੰਗਤ ਨੂੰ ਰਹਿਤ ਮਰਿਆਦਾ ਵਿੱਚ ਰਹਿੰਦਿਆਂ ਵਿਚਰਣ ਦੀ ਨਿਗਰਾਨੀ ਕਰੇਗਾ। ਅਰਥਾਤ ਸਿੱਖ ਸੰਗਤ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਦੀ ਅਵੱਗਿਆਵਾਂ ਕਰਨ ਤੋਂ ਰੋਕਣ ਅਤੇ ਅਵੱਗਿਆ ਕਰਨ ਵਾਲਿਆਂ ਨੂੰ ਧਾਰਮਿਕ ਸਜਾਵਾਂ ਦੇ ਕੇ ਮੁੜ ਪੰਥ ਦੀਆਂ ਪਰੰਪਰਾਂ ਅਨੁਸਾਰ ਵਿਚਰਣ ਦਾ ਪ੍ਰਤੀਬੱਧ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਬਾਅਦ ਸਿੱਖ ਕੌਮ ਦੇ ਸਿਰਮੌਰ ਪ੍ਰਤਿਭਾਵਨ ਉਚੇ-ਸੁੱਚੇ ਕਿਰਦਾਰ ਵਾਲੇ ਅਧਿਆਤਮਿਕ ਅਤੇ ਧਾਰਮਿਕ ਮਹਾਂਪੁਰਸ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਮਜ਼ਦ ਕਰਨ ਦੀ ਪਰੰਪਰਾ ਸ਼ੁਰੂ ਹੋਈ ਸੀ। ਉਹ ਜਥੇਦਾਰ ਸਿੱਖ ਧਰਮ ਦੀਆਂ ਪਰੰਪਰਾਵਾਂ ਅਨੁਸਾਰ ਅਗਵਾਈ ਕਰਦੇ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਇਹ ਨਿਯੁਕਤੀ ਸਰਬੱਤ ਖਾਲਸਾ ਰਾਹੀਂ ਹੁੰਦੀ ਰਹੀ। ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਯੁਕਤ ਕੀਤਾ ਸੀ। ਇਸ ਤੋਂ ਬਾਅਦ ਜਿਵੇਂ ਬਾਬਾ ਬੁੱਢਾ ਜੀ ਅਤੇ ਅਕਾਲੀ ਫੂਲਾ ਸਿੰਘ ਦੀ ਨਿਯੁਕਤੀ ਸਿੱਖ ਸੰਗਤਾਂ ਦੇ ਸਮੂਹਿਕ ਇਕੱਠ ਸਰਬੱਤ ਖਾਲਸਾ ਦੁਆਰਾ ਕੀਤੀ ਗਈ ਸੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਿੱਖ ਵਿਦਵਾਨਾ, ਸੰਤਾਂ ਮਹਾਂ ਪੁਰਖਾਂ, ਸਿੱਖ ਸੰਪਰਦਾਵਾਂ ਅਤੇ ਸਿੱਖ ਸੰਸਥਾਵਾਂ ਦੇ ਮੁਖੀਆਂ ਦੀ ਸਲਾਹ ਨਾਲ ਨਿਯੁਕਤੀ ਕਰਨ ਲੱਗ ਪਈ। ਇਸ ਸਮੇਂ ਹਾਲਾਤ ਅਜਿਹੇ ਬਣ ਗਏ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਨ ਮਰਜ਼ੀ ਕਰਨ ਲੱਗ ਪਈ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੱਖ ਪਰੰਪਰਾਵਾਂ 'ਤੇ ਪਹਿਰਾ ਦੇਣ ਦੀ ਥਾਂ ਆਪਣੇ ਸਿਆਸੀ ਆਗੂਆਂ ਦੀ ਪੁਸ਼ਤ ਪਨਾਹੀ ਕਰਦੇ ਰਹੇ ਹਨ, ਜਿਹੜੇ ਜਥੇਦਾਰਾਂ ਨੂੰ ਨਿਯੁਕਤ ਕਰਦੇ ਹਨ। ਜਿਹੜੇ ਜਥੇਦਾਰਾਂ ਨੇ ਰਾਜਨੀਤਕ ਪ੍ਰਭਾਵ ਗ੍ਰਹਿਣ ਕਰਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਜਲਦਬਾਜ਼ੀ ਵਿੱਚ ਬਦਲ ਜਾਂ ਜਥੇਦਾਰ ਦੇ ਅਹੁਦੇ ਤੋਂ ਭਾਰ ਮੁਕਤ ਕਰ ਦਿੱਤਾ ਜਾਂਦਾ ਰਿਹਾ ਹੈ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜ਼ਾਰੀ ਹੋਣ ਵਾਲੇ ਹੁਕਮਨਾਮਿਆਂ ਨੂੰ ਬਹੁਤੀ ਸਿੱਖ ਸੰਗਤ ਮੰਨਣ ਤੋਂ ਹੀ ਇਨਕਾਰੀ ਹੋ ਗਈ। ਸਿੱਖ ਮਾਣ ਮਰਿਆਦਾ ਨੂੰ ਨੁਕਸਾਨ ਸਿਆਸਤਦਾਨਾ ਦੀ ਦਖ਼ਲ ਅੰਦਾਜ਼ੀ ਕਰਕੇ ਹੋ ਰਿਹਾ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਹੋਣ ਲੱਗ ਪਈ ਹੈ। ਇਸਦਾ ਅਰਥ ਇਹ ਹੋਇਆ ਕਿ ਸਿਆਸਤਦਾਨਾ ਦੀ ਦਖ਼ਲ ਅੰਦਾਜ਼ੀ ਨੂੰ ਸਿੱਖ ਸੰਗਤਾਂ ਪ੍ਰਵਾਨਗੀ ਨਹੀਂ ਦੇ ਰਹੀਆਂ ਹਨ। ਸੰਸਾਰ ਵਿੱਚ ਸਿਰਫ ਸਿੱਖ ਧਰਮ ਹੀ ਅਜਿਹਾ ਹੈ, ਜਿਸਦੀ ਪ੍ਰਬੰਧਕ ਕਮੇਟੀ ਦੀ ਚੋਣ ਵੋਟਾਂ ਨਾਲ ਹੁੰਦੀ ਹੈ। ਇਸ ਵਿਚਾਰ ਚਰਚਾ ਦਾ ਅਰਥ ਹੈ ਕਿ ਸਿੱਖ ਸੰਸਥਾਵਾਂ ਦੇ ਕੰਮ ਕਾਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਖ਼ਲਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ ਅਤੇ ਜਥਾਦਾਰਾਂ ਦੀ ਨਿਯੁਕਤੀ ਦੇ ਕਾਇਦੇ ਕਾਨੂੰਨ ਬਣਨੇ ਚਾਹੀਦੇ ਹਨ ਤਾਂ ਜੋ ਸਿੱਖ ਸੰਗਤ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਵਿੱਚ ਵਿਸ਼ਵਾਸ ਬਣਿਆਂ ਰਹੇ ਤੇ ਉਨ੍ਹਾਂ ਦਾ ਰੁਤਵਾ ਸਰਵਉਚ ਬਣਿਆਂ ਰਹੇ।